01882-223203

Email dtp.hoshiarpur@gmail.com

# ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ
## ਦਫਤਰ ਜਿਲਾ ਨਗਰ ਯੋਜਨਾਕਾਰ, ਹੁਸ਼ਿਆਰਪੁਰ

ਰੂਮ ਨੰ. 301. ਤੀਸਰੀ ਮੰਜਿਲ. ਜਿਲਾ ਪ੍ਰਬੰਧਕੀ ਕੰਪਲੈਕਸ. ਹੁਸ਼ਿਆਰਪੁਰ

ਸੇਵਾ ਵਿਖੇ

ਜਿਲਾ ਕੰਟਰੋਲਰ,
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ,
ਹੁਸ਼ਿਆਰਪੁਰ।

ਯਾਦ ਪੱਤਰ ਨੰ. 780 ਡੀਟੀਪੀ (ਐਚ) 21-25 ਮਿਤੀ: 8-8-2021

ਵਿਸ਼ਾ: NOC for HPC Retail outlet at Vill. Sariana from Hajipur to Mansa Road, Khasra no. 18//21(7-9), 19//23(0-7), 24(1-14), 25(2-6), 25//2//(1-4), 3(7-0), 4(8-0), 5(8-0), 6(6/2(4-4), 7(8-0), 8/1(3-18), 14/2(4-0), 26//1(8-0), 22(6-0), 49//16(8-0), 17/1(4-12),50//7(6-17), 8(3-13), 14(2-2) Distt. Hoshiarpur, State-Punjab..

ਹਵਾਲਾ:- ਆਪ ਦਾ ਇਸ ਦਫਤਰ ਵਲੋਂ ਮੀਮੋ ਨੰ. ਇ(ਪ)-2021/3155 ਮਿਤੀ 06.08.2021 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਸਾਈਟ (ਹਿੰਦੋਸਤਾਨ ਪੈਟਰੋਲਿਅਮ ਕਾਰਪੋਰੇਸ਼ਨ ਲਿਮੀਟਡ) ਪਿੰਡ ਸਰਿਆਣਾ (ਹਦਬਸਤ ਨੰ. 349 ), ਤਹਿ ਮੁਕੇਰੀਆਂ ਜਿਲਾ ਹੁਸ਼ਿਆਰਪੁਰ ਦੀ ਰੈਵੀਨਿਊ ਅਸਟੇਟ ਵਿੱਚ ਖਸਰਾ ਨੰ 25// 3, 25//4 ਅਤੇ 25//8/1 ਵਿੱਚ ਹਾਜੀਪੁਰ-ਮਾਨਸਰ ਰੋਡ ਤੋਂ ਪਿੰਡ ਸ਼ੇਰਕਵਾਲ ਨੂੰ ਜਾਂਦੀ ਲਿੰਕ ਸੜਕ ਤੋ ਮਾਨਸਰ ਵੱਲ ਜਾਂਦੇ 260 ਮੀਟਰ ਦੀ ਦੂਰੀ ਤੇ ਰੋਡ ਦੇ ਸੱਜੇ ਹੱਥ ਪੈਂਦੀ ਹੈ। ਸਾਈਟ ਨੋਟੀਫਾਈਡ ਲੋਕਲ ਪਲੈਨਿੰਗ ਏਰੀਆ, ਤਲਵਾੜਾ ਵਿੱਚ ਪੈਂਦੀ ਹੈ ਜਿਸਦਾ ਮਾਸਟਰ ਪਲੈਨ ਤਿਆਰੀ ਅਧੀਨ ਹੈ। ਇਸ ਸਾਈਟ ਸਬੰਧੀ ਕਾਰਜਕਾਰੀ ਇੰਜਨੀਅਰ, ਕੰਸਟਰਕਸ਼ਨ ਡਵੀਜਨ,ਲੋ.ਨਿ.ਵਿ ਭ ਤੇ ਮ, ਸ਼ਾਖਾ, ਮੁਕੇਰੀਆਂ (ਰੋਡ ਅਥਾਰਟੀ) ਵਲੋਂ ਪੱਤਰ 423/M ਮਿਤੀ 19.07.2021 ਰਾਹੀ ਐਨ.ਓ.ਸੀ ਜਾਰੀ ਕੀਤਾ ਗਿਆ ਹੈ। ਇਸ ਸਾਈਟ ਵਿੱਚ ਰਿਟੇਲ ਆਊਟ ਲੈੱਟ ਲਗਾਉਣ ਸਬੰਧੀ ਇਸ ਦਫਤਰ ਨੂੰ ਟਾਊਨ ਪਲੈਨਿੰਗ ਐਂਗਲ ਤੋਂ ਕੋਈ ਇਤਰਾਜ ਨਹੀਂ ਹੈ।

ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਨੰ:17/17/2001-5ਐਚਜੀ-2/ਪੀਐਫ/748168/17 ਮਿਤੀ 06/05/2016 ਮੁਤਾਬਿਕ ਪ੍ਰਾਰਥੀ ਵੱਲੋਂ ਸੀ.ਐਲ.ਯੂ. ਸਬੰਧੀ ਫੀਸ ਬਾਬਤ ਰਕਮ 36,300/- ਰੁਪਏ ਡਰਾਫਟ ਨੰ. 748639 ਮਿਤੀ 05.08.2021, ਬਿਲਡਿੰਗ ਪਲੈਨ ਦੀ ਸਕਰੂਟਨੀ ਫੀਸ ਬਾਬਤ ਰਕਮ 20,000/- ਰੁਪਏ ਡਰਾਫਟ ਨੰ. 748642 ਮਿਤੀ 05.08.2021 ਰਾਹੀਂ ਇਸ ਦਫਤਰ ਵਿਖੇ ਜਮ੍ਹਾਂ ਕਰਵਾ ਦਿੱਤੇ ਹਨ।

ਸਾਈਟ ਵਿੱਚ ਰਿਟੇਲ ਆਊਟ ਲੈੱਟ ਲਗਾਉਣ ਲਈ ਇਤਰਾਜਹੀਣਤਾ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ ਕਿ:-

1) ਪ੍ਰਾਰਥੀ (ਹਿੰਦੋਸਤਾਨ ਪੈਟਰੋਲਿਅਮ ਕਾਰਪੋਰੇਸ਼ਨ ਲਿਮੀਟਡ) ਵੱਲੋ ਪ੍ਰਵਾਨਿਤ ਲੇ-ਆਊਟ ਅਤੇ ਸਾਈਟ ਪਲੈਨ ਡਰਾਇੰਗ ਨੰ: JRO/HOS/001 ਮਿਤੀ 10.04.2021 ਅਨੁਸਾਰ ਹੀ ਪੈਟਰੋਲ ਪੰਪ ਮੌਕੇ ਤੇ ਵਿਕਸਿਤ ਕਰੇਗਾ।
2) ਪ੍ਰਾਰਥੀ ਭਵਿੱਖ ਵਿੱਚ ਬਣਨ ਵਾਲੇ ਮਾਸਟਰ ਪਲੈਨ, ਤਲਵਾੜਾ ਦੀਆਂ ਤਜਵੀਜਾਂ ਨੂੰ ਮੰਨਣ ਦਾ ਪਾਬੰਦ ਹੋਵੇਗਾ।
3) ਉਪਰੋਕਤ ਦਰਸਾਏ ਚਾਰਜਿਜ ਤੋਂ ਇਲਾਵਾ ਜੇਕਰ ਕੋਈ ਹੋਰ ਰਕਮ ਬਕਾਇਆ ਨਿਕਲ ਆਉਂਦੀ ਹੈ, ਤਾਂ ਪ੍ਰਾਰਥੀ ਇਹਨਾ ਨੂੰ ਜਮਾਂ ਕਰਵਾਉਣ ਦਾ ਪਾਬੰਦ ਹੋਵੇਗਾ।
4) ਮਾਸਟਰ ਪਲੈਨ ਤਲਵਾੜਾ ਬਣਨ ਦੀ ਸੂਰਤ ਵਿੱਚ ਹਾਜੀਪੁਰ-ਮਾਨਸਰ ਰੋਡ ਨੂੰ 100 ਫੁੱਟ ਚੌੜਾ ਕੀਤਾ ਜਾਣਾ ਹੈ। ਪ੍ਰਾਰਥੀ ਸਾਈਟ/ਲੇ-ਆਊਟ ਪਲੈਨ ਅਨੁਸਾਰ ਆਪਣੇ ਹਿੱਸੇ ਵਿੱਚੋ 33'-6'' ਚੌੜੀ ਸਟਰਿਪ ਰੋਡ ਵਾਈਡਨਿੰਗ ਲਈ ਛੱਡਣ ਦਾ ਪਾਬੰਦ ਹੋਵੇਗਾ।
5) ਫਾਇਰ ਸੇਫਟੀ ਸਬੰਧੀ ਜਿਮੇਵਾਰੀ ਪ੍ਰਾਰਥੀ/ਕੰਪਨੀ ਦੀ ਹੋਵੇਗੀ।

(ਗੁਰਸੇਵਕ ਸਿੰਘ)
ਜਿਲ੍ਹਾ ਨਗਰ ਯੋਜਨਾਕਾਰ,
ਹੁਸ਼ਿਆਰਪੁਰ।

Email dtp.hoshiarpur@gmail.com

01882-223203

# ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ
## ਦਫਤਰ ਜਿਲਾ ਨਗਰ ਯੋਜਨਾਕਾਰ, ਹੁਸ਼ਿਆਰਪੁਰ

ਰੂਮ ਨੰ 301 ਤੀਸਰੀ ਮੰਜਿਲ ਜਿਲਾ ਪ੍ਰਬੰਧਕੀ ਕੰਪਲੈਕਸ ਹੁਸ਼ਿਆਰਪੁਰ

ਰਜਿਸਟਰਡ

ਪਿੱਠ ਅੰਕਣ ਨੰ. ਡੀਟੀਪੀ(ਐਚ) ਮਿਤੀ

ਇਸਦਾ ਇੱਕ ਉਤਾਰਾ ਕੰਪੀਟੈਂਟ ਅਥਾਰਟੀ, ਜਲੰਧਰ ਡਿਵੈਲਪਮੈਂਟ ਅਥਾਰਟੀ, ਜਲੰਧਰ ਨੂੰ ਸਮੇਤ ਬੈਂਕ ਡਰਾਫਟ ਨੰ. 748638 ਮਿਤੀ 05.08.2021 ਰਕਮ ਰੁਪਏ 1,27,300/- ਬਾਬਤ (ਈ.ਡੀ.ਸੀ), ਬੈਂਕ ਡਰਾਫਟ ਨੰ 748640 ਮਿਤੀ 5.08.2021 ਰਕਮ ਰੁਪਏ 18,400/- ਬਾਬਤ (ਲਾਈਸੈਂਸ ਫੀਸ) ਅਗਲੀ ਕਾਰਵਾਈ ਲਈ ਭੇਜਿਆ ਜਾਂਦਾ ਹੈ। ਕ੍ਰਿਪਾ ਕਰਕੇ ਇਸਦੀ ਪਹੁੰਚ ਰਸੀਦ ਇਸ ਦਫਤਰ ਵਿਖੇ ਭੇਜੀ ਜਾਵੇ ਜੀ।

ਨੱਥੀ: ਉ.ਅ.

(ਗੁਰਸੇਵਕ ਸਿੰਘ)
ਜਿਲ੍ਹਾ ਨਗਰ ਯੋਜਨਾਕਾਰ,
ਹੁਸ਼ਿਆਰਪੁਰ।

ਰਜਿਸਟਰਡ

ਪਿੱਠ ਅੰਕਣ ਨੰ. ਡੀਟੀਪੀ(ਐਚ) ਮਿਤੀ

ਇਸਦਾ ਇਕ ਉਤਾਰਾ ਮੁੱਖ ਪ੍ਰਸ਼ਾਸਕ, ਪੁੱਡਾ ਮੁਹਾਲੀ ਨੂੰ ਸਮੇਤ ਬੈਂਕ ਡਰਾਫਟ ਨੰ. 748641 ਮਿਤੀ 5.8.2021 ਰਕਮ ਰੁਪਏ 91,00/- ਬਾਬਤ (ਸੋਸ਼ਲ ਇਨਫ੍ਰਾਸਟਰਕਚਰ) ਫੀਸ ਅਗਲੀ ਕਾਰਵਾਈ ਲਈ ਭੇਜਿਆ ਜਾਂਦਾ ਹੈ। ਕ੍ਰਿਪਾ ਕਰਕੇ ਇਸਦੀ ਪਹੁੰਚ ਰਸੀਦ ਇਸ ਦਫਤਰ ਵਿਖੇ ਭੇਜੀ ਜਾਵੇ ਜੀ।

ਨੱਥੀ/ਉ.ਅ.

(ਗੁਰਸੇਵਕ ਸਿੰਘ)
ਜਿਲ੍ਹਾ ਨਗਰ ਯੋਜਨਾਕਾਰ,
ਹੁਸ਼ਿਆਰਪੁਰ।

ਰਜਿਟਰਡ

ਪਿੱਠ ਅੰਕਣ ਨੰ. ਡੀਟੀਪੀ(ਐਚ)/ ਮਿਤੀ

ਇਸਦਾ ਇੱਕ ਉਤਾਰਾ ਸੈਕੇਟਰੀ, ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਸ ਵੈਲਫੇਅਰ ਬੋਰਡ, ਐਸ.ਸੀ.ਓ. 47-48 ਸੈਕਟਰ 17-ਈ, ਚੰਡੀਗੜ੍ਹ ਨੂੰ ਸਮੇਤ ਬੈਂਕ ਡਰਾਫਟ ਨੰ. 748643 ਮਿਤੀ 05.08.2021 ਬਾਬਤ ਰਕਮ ਰੁਪਏ 21,300 /- ਬਾਬਤ ਬਿਲਡਿੰਗ ਸੈਸ ਅਤੇ ਐਸਟੀਮੇਟ ਦੀ ਕਾਪੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਸੈੱਸ ਚਾਰਜਿਜ ਵਿੱਚ ਕੋਈ ਤਬਦੀਲੀ ਹੁੰਦੀ ਹੈ ਤਾਂ ਉਸ ਸਬੰਧੀ ਆਪਣੇ ਪੱਧਰ ਤੇ ਪ੍ਰਾਰਥੀ ਪਾਸੋਂ ਰਿਕਵਰ ਕਰ ਲਿਆ ਜਾਵੇ।

ਨੱਥੀ/ਉ.ਅ.

(ਗੁਰਸੇਵਕ ਸਿੰਘ)
ਜਿਲ੍ਹਾ ਨਗਰ ਯੋਜਨਾਕਾਰ,
ਹੁਸ਼ਿਆਰਪੁਰ।